ਮੁਖਵਾਕ ਨੰਬਰ ੧੧੧ [ਆਦਿ ਅੰਗ ੭੦੫]

***ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ ੧ੴ ਸਤਿਗੁਰ ਪ੍ਰਸਾਦਿ ॥ ਸਲੋਕ ॥ ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥ ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ ॥੧॥ ਪੇਖਨ ਸੁਨਨ ਸੁਨਾਵਨੋ ਮਨ ਮਹਿ ਦ੍ਰਿੜੀਐ ਸਾਚੁ ॥ ਪੂਰਿ ਰਹਿਓ ਸਰਬਤ੍ਰ ਮੈ ਨਾਨਕ ਹਰਿ ਰੰਗਿ ਰਾਚੁ ॥੨॥ ਪਉੜੀ ॥ ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ ॥ ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ ॥ ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ ॥ ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ ॥ ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ ॥੧॥***

## ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ ੧ੴ ਸਤਿਗੁਰ ਪ੍ਰਸਾਦਿ ॥

ਇਹ ਅੰਮ੍ਰਿਤ ਬਚਨ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦਾ ਉਚਾਰਨ ਕੀਤਾ ਹੋਇਆ ਜੈਤਸਰੀ ਦੀ ਵਾਰ ਦੇ ਆਰੰਭ ਦਾ ਹੈ। ਜਿਸ ਦੀ ਉਥਾਨਕਾ ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਇਸ ਪ੍ਰਕਾਰ ਕਥਨ ਕੀਤੀ ਹੈ। ਕਿ ਇਕ ਪੰਡਤ ਜਿਸ ਦਾ ਨਾਮ ਵਿਜੈ ਨਾਥ ਸੀ। ਜੋ ਭਾਰੀ ਵਿਦਵਾਨ ਸੀ। ਵੇਦ ਵਿਦਿਆ ਵਿੱਚ ਨਿਪੁੰਨ ਸੀ। ਗੁਰੂ ਘਰ ਦਾ ਜਸ ਸੁਣਕੇ ਸ੍ਰੀ ਅੰਮ੍ਰਿਤਸਰ ਵਿਖੇ ਆਇਆ। ਸਤਿਗੁਰੁ ਜੀ ਦਾ ਦਰਸ਼ਨ ਕਰਕੇ ਸ਼ਰਧਾ ਹੋਰ ਵੀ ਵਧੇਰੇ ਹੋ ਆਈ।

ਯਥਾ— **ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥** [ਰਾਮਕਲੀ ਕੀ ਵਾਰ ਮਃ ੫, ਅੰਗ ੯੫੭]

ਦੇ ਮਹਾਂਵਾਕ ਅਨੁਸਾਰ ਜੈਸਾ ਸੁਣਿਆ ਸੀ ਉਸ ਤੋਂ ਵੀ ਵਧੇਰੇ ਆਪਣੇ ਨੇਤਰਾਂ ਨਾਲ ਵੇਖ ਲਿਆ। ਹੁਣ ਮਨ ਵਿੱਚ ਪ੍ਰਸ਼ਨ ਕਰਨ ਦੀ ਇੱਛਾ ਪੈਦਾ ਹੋਈ। ਪ੍ਰਸ਼ਨ ਦੁਆਰਾ ਸਤਿਗੁਰੂ ਜੀ ਨੂੰ ਪੁਛਿਆ ਕਿ ਸਾਡੇ ਹਿੰਦੂ ਮੱਤ ਵਿੱਚ ਮਰੇ ਪ੍ਰਾਣੀ ਦੇ ਨਮਿੱਤ ਅੰਤਮ ਕਿਰਿਆ ਵਿੱਚ। ਜੇ ਉਹ ਸ਼ੂਦਰ ਹੈ ਤਾਂ ਉਸ ਦੀ ਗਤੀ ਚਾਲੀ ਦਿਨਾਂ ਬਾਅਦ, ਵੈਸ਼ ਦੀ ਸਤਾਰਾਂ ਦਿਨਾਂ ਬਾਅਦ, ਛੱਤਰੀ ਦੀ ਤੇਰਾਂ ਦਿਨਾਂ ਬਾਅਦ ਅਤੇ ਬ੍ਰਾਹਮਣ ਦੀ ਬਾਰਾਂ ਦਿਨਾਂ ਬਾਅਦ ਗਤੀ ਹੁੰਦੀ ਹੈ। ਕਿਉਂਕਿ ਜਾਤ ਦੇ ਅਧਾਰ ਤੇ ਅਪਵਿੱਤ੍ਰਤਾ ਤੋਂ ਪਵਿੱਤ੍ਰ ਹੋਣ ਦਾ ਸਮਾਂ ਨਿਸ਼ਚਿਤ ਹੈ। ਬ੍ਰਾਹਮਣ ਸਾਰਿਆਂ ਤੋਂ ਉਚੇ ਹਨ ਇਸ ਲਈ ਇਨ੍ਹਾਂ ਨੂੰ ਸਾਰਿਆਂ ਤੋਂ ਘੱਟ ਦਿਨਾਂ ਵਿੱਚ ਪਵਿੱਤ੍ਰਤਾ ਪ੍ਰਾਪਤ ਹੁੰਦੀ ਹੈ। ਤੁਹਾਡੇ ਸਿੱਖਾਂ ਨੂੰ ਨਾ ਬ੍ਰਾਹਮਣ, ਨਾ ਛੱਤਰੀ, ਨਾ ਵੈਸ਼, ਅਤੇ ਨਾ ਹੀ ਸ਼ੂਦਰ ਕਿਹਾ ਜਾ ਸਕਦਾ ਹੈ ਕਿਉਂਕਿ ਸਿੱਖਾਂ ਵਿੱਚ ਸਾਰੇ ਹੀ ਰਲ ਗੱਡ ਹਨ ਇਨ੍ਹਾਂ ਦੀ ਗਤੀ ਕਿਵੇਂ ਹੁੰਦੀ ਹੈ। ਸਾਡੇ ਹਿੰਦੂ ਮੱਤ ਵਿੱਚ ਮਰੇ ਪ੍ਰਾਣੀ ਦੀ ਗਤੀ ਲਈ ਗਰੁੜ ਪੁਰਾਣ ਕੀ ਕਥਾ ਮੰਨੀ ਹੈ। ਤੁਸੀਂ ਆਪਣੇ ਸਿੱਖਾਂ ਦੀ ਕਲਿਆਣ ਲਈ ਕੀ ਸਾਧਨ ਮੰਨਿਆ ਹੈ ਅਤੇ ਮਰਨ ਤੋਂ ਬਾਅਦ ਅਪਵਿੱਤ੍ਰਤਾ ਤੋਂ ਪਵਿੱਤ੍ਰ ਹੋਣ ਲਈ ਕਿਤਨੇ ਦਿਨਾਂ ਦਾ ਸਮਾਂ ਨਿਸ਼ਚਿਤ ਕੀਤਾ ਹੈ। ਕਿਉਂਕਿ ਬ੍ਰਾਹਮਣ ਵਿੱਚ ਜਨਮ ਸਮੇਂ ਸੂਤਕ ਅਤੇ ਮਰਨ ਸਮੇਂ ਪਾਤਕ ਦਾ ਨਾਂ ਦੇ ਕੇ ਅਪਵਿੱਤ੍ਰਤਾ ਮੰਨੀ ਹੈ ਤੇ ਜਿਸ ਦੇ ਵਰਨਾਂ ਦੀ ਵੰਡ ਅਨੁਸਾਰ ਦਿਨ ਘੱਟ ਵੱਧ ਨਿਸ਼ਚਿਤ ਕੀਤੇ ਹਨ ਤਾਂ ਸਤਿਗੁਰੂ ਜੀ ਨੇ ਉੱਤਰ ਦਿੱਤਾ ਕਿ ਤੁਹਾਡੇ ਮੱਤ ਵਿੱਚ ਜਿਹੜਾ ਮਨੁੱਖ ਨੂੰ ਚਾਰ ਥਾਂ ਤੇ ਵੰਡਿਆ ਗਿਆ ਹੈ ਅਸੀਂ ਸਾਰਿਆਂ ਨੂੰ ਬਰਾਬਰ ਦਾ ਦਰਜਾ ਦੇਣ ਦਾ ਵਿਸ਼ਵਾਸ ਰਖਦੇ ਹਾਂ। ਸਿੱਖਾਂ ਨੂੰ ਸਾਰਿਆਂ ਤੋਂ ਪਵਿੱਤ੍ਰ ਸਮਝ ਕੇ ਦਸ ਦਿਨ ਦੀ ਭਾਵ ਦੁਸਹਿਰਾ ਮਨਾਉਣ ਦੀ ਆਗਿਆ ਦਿੱਤੀ ਹੈ ਅਤੇ ਗਤੀ ਲਈ ਨਾਮ ਹੀ ਸਭ ਤੋਂ ਉੱਤਮ ਕਰਮ ਹੈ। ਪਰ ਜੇ ਗੁਰਸਿੱਖ ਨੇ ਕਥਾ ਦਾ ਵੀ ਲਾਭ ਲੈਣਾ ਹੋਵੇ ਤਾਂ ਮਰੇ ਪ੍ਰਾਣੀ ਦੇ ਨਮਿੱਤ ਇਸ ਜੈਤਸਰੀ ਦੀ ਵਾਰ ਦੇ ਦੋ-ਦੋ ਸਲੋਕਾਂ ਦੀ ਕਥਾ ਕਰਕੇ ਦਸਵੇਂ ਦਿਨ ਸਮਾਪਤੀ ਕਰਨੀ। ਇਉਂ ਕਰਨ ਨਾਲ ਮੁਕਤੀ ਪ੍ਰਾਪਤ ਹੋ ਜਾਵੇਗੀ ਤੇ ਜਮਾਂ ਤੋਂ ਛੁੱਟ ਜਾਵੇਗਾ।

PDF created with pdfFactory Pro trial version www.pdffactory.com

ਕਿਉਂਕਿ ਬਾਣੀ ਨਾਮ ਰੂਪ ਹੈ। ਨਾਮ ਤੋਂ ਵਡੀ ਸ਼ਕਤੀ ਕਲਿਆਣ ਕਰਨ ਵਾਲੀ ਕਿਸੇ ਵੀ ਸਾਧਨ ਵਿੱਚ ਨਹੀਂ ਹੈ। ਇਸ ਲਈ ਅਸੀਂ ਆਪਣੇ ਸਿੱਖਾਂ ਦੀ ਗਤੀ ਬਾਣੀ ਦੁਆਰਾ ਕਰਦੇ ਹਾਂ। ਸਿੱਖ ਮਿਰਤਕ ਪ੍ਰਾਣੀ ਨੇ ਨਮਿੱਤ ਬਾਣੀ ਦਾ ਪਾਠ, ਕੀਰਤਨ ਤੇ ਕਥਾ ਕਰਦੇ ਹਨ।

## ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ ॥

ਪੰਜਵੇਂ ਪਾਤਸ਼ਾਹ ਆਪਣੇ ਮੁਖਾਬਿੰਦ ਤੋਂ ਉਚਾਰਨ ਕਰਦੇ ਹਨ। ਇਸ ਵਾਰ ਵਿੱਚ ਸਲੋਕ ਮਹੱਲੇ ਅਤੇ ਵਾਰ=ਪਉੜੀਆਂ ਸਾਰੀਆਂ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ ਹਨ। ਕਿਉਂਕਿ ਕਈ ਵਾਰਾਂ ਸਲੋਕ ਅਤੇ ਮਹਲੇ ਤੋਂ ਬਿਨਾਂ ਵੀ ਆਉਂਦੀਆਂ ਹਨ। ਜੈਸਾ ਕਿ ਬਸੰਤ ਕੀ ਵਾਰ ਅਤੇ ਸੱਤੇ ਬਲਵੰਡੇ ਦੀ ਵਾਰ। ਇਸ ਲਈ ਇਹ ਸੰਕੇਤ ਦਿੱਤਾ ਹੈ ਕਿ ਜੈਤਸਰੀ ਦੀ ਵਾਰ ਸਲੋਕਾਂ ਦੇ ਨਾਲ ਹੈ। ਪਹਿਲਾਂ ਵਸਤੂ ਨਿਰਦੇਸ਼ਕ ਮੰਗਲ ਕਰਦੇ ਹਨ।

## ੧ੴ ਸਤਿਗੁਰੁ ਪ੍ਰਸਾਦਿ ॥

੧ ਅਦੁੱਤੀ ੴ=ਪ੍ਰਕਾਸ਼ ਰੂਪ ਸਤਿ=ਨਾਸ ਤੋਂ ਰਹਿਤ ਗੁਰ=ਚੇਤਨ ਪ੍ਰਸਾਦਿ=ਅਨੰਦ ਸਰੂਪ। ਇਹ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਧ ਭਾਗ ਰੂਪ ਵਿੱਚ ਉਚਾਰਨ ਕੀਤੀ ਹੈ। ਜਿਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਠ ਪਾਠ ਰੱਖਿਆ ਹੋਵੇ ਤਾਂ ਇਸ ਵਾਰ ਉੱਤੇ ਪਾਠ ਆਉਣ ਕਰਕੇ ਕੜਾਹ ਪ੍ਰਸ਼ਾਦਿ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਲਿਆ ਕੇ ਅਰਦਾਸ ਕਰਕੇ ਭੋਗ ਲਵਾਇਆ ਜਾਂਦਾ ਹੈ। ਐਸੀ ਮਰਿਆਦਾ ਪੁਰਾਤਨ ਸਮੇਂ ਤੋਂ ਚੱਲੀ ਆ ਰਹੀ ਹੈ। ਅਣਜਾਣ ਪਾਠੀ ਜਾਂ ਤਾਂ ਪਹਿਲਾਂ ਹੀ ਅਰਦਾਸ ਆਰੰਭ ਕਰ ਲੈਂਦੇ ਹਨ ਜਾਂ ਜਦੋਂ ਪਾਠੀ ਦੀ ਰਸਨਾ ਤੇ ਆਦਿ ਪੂਰਨ ਮਧਿ ਪੂਰਨ ਆਵੇ ਤਾਂ ਉਦੋਂ ਅਰਦਾਸ ਵਿੱਚ ਪਾਠ ਮੱਧ ਵਿੱਚ ਆਇਆ ਹੈ ਦੇ ਅੱਖਰ ਮੇਲਦੇ ਹਨ। ਕਈ ਸਾਰੀ ਅਰਦਾਸ ਪਹਿਲਾਂ ਕਰਕੇ ਮੁਖਵਾਕ ਇਸ ਵਾਰ ਦੇ ਆਰੰਭ ਤੋਂ ਸੁਣਾਉਂਦੇ ਹਨ। ਇਉਂ ਕਈ ਰੀਤਾਂ ਨਾਲ ਅਣਜਾਣ ਲੋਕ ਮੱਧ ਦੀ ਅਰਦਾਸ ਕਰਦੇ ਹਨ। ਪੁਰਾਤਨ ਪੰਥਕ ਮਰਿਆਦਾ ਅਨੁਸਾਰ ਜੈਤਸਰੀ ਦੀ ਵਾਰ ਦੇ ਆਰੰਭ ਦੇ ਨਾਲ ਹੀ ਅਰਦਾਸ ਆਰੰਭ ਕਰਨੀ ਚਾਹੀਦੀ ਹੈ। ਕਈ ਇਹ ਭੀ ਸ਼ੰਕਾ ਕਰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਮ ਪ੍ਰਚੱਲਤ ਬੀੜਾਂ ਦੇ ੧੪੩੦ ਅੰਗ ਹਨ। ਇਸ ਲਈ ਮਧ ੭੧੫ ਤੇ ਲਗਣਾ ਚਾਹੀਦਾ ਹੈ ਤੇ ਲਾਉਂਦੇ ੭੦੫ ਤੇ ਹਨ ਜੋ ਗਤਲ ਹੈ। ਇਸ ਸ਼ੰਕਾ ਦਾ ਸਮਾਧਾਨ :—੧੪੧੦ ਤੋਂ ਜੋ ਬਾਣੀ ਆਰੰਭ ਹੁੰਦੀ ਹੈ ਉਸ ਦਾ ਸਿਰਲੇਖ ਵਾਰਾਂ ਤੋਂ ਵਧੀਕ ਹੈ ਭਾਵ ਕਿ ਵਾਰਾਂ ਤੋਂ ਵਾਧੂ ਸਲੋਕ। ਇਹ ੨੦ ਅੰਗ ਕੱਢ ਕੇ ੧੪੧੦ ਅੰਗ ਰਹਿ ਗਏ। ਜਿਸ ਕਰਕੇ ਮੱਧ ੭੦੫ ਤੇ ਲਗਦਾ ਹੈ। ਵਾ-ਸੰਤ ਗਿਆਨੀ ਗੁਰਬਚਨ ਸਿੰਘ ਜੀ ਦੇ ਵਿਦਿਆਰਥੀ ਬਾਬਾ ਨਾਹਰ ਸਿੰਘ ਜੀ ਨੇ ਰਾਗ ਮਾਲਾ ਨੂੰ ਇੱਕ ਸ਼ਬਦ ਮੰਨ ਕੇ ਰਾਗ ਮਾਲਾ ਸਮੇਤ ਸਾਰੇ ਸ਼ਬਦ ਗਿਣੇ ਸਨ ਤਾਂ ਉਸ ਗਿਣਤੀ ਦੇ ਅਧਾਰ ਤੇ ਵੀ ਮਧ ਆਦਿ ਪੂਰਨ ਮਧਿ ਪੂਰਨ 'ਵਾਲੇ ਸਲੋਕ ਤੇ ਹੀ ਸਿੱਧ ਹੋਇਆ ਇਸ ਲਈ ਇਸ ਸ਼ਬਦ ਤੇ ਪਾਠ ਆਉਣ ਤੋਂ ਅਰਦਾਸ ਕਰਨ ਵਿੱਚ ਕੋਈ ਵੀ ਸ਼ੰਕਾ ਨਹੀਂ।

## ਸਲੋਕ ॥ ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ=ਆਰੰਭ ਵਿੱਚ ਪ੍ਰਮੇਸ਼ਰ ਦਾ ਨਾਮ ਪੂਰਨ ਹੈ।

ਯਥਾ—੧ੴ ਸਤਿਨਾਮ॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੱਧ ਵਿੱਚ ਪ੍ਰਮੇਸ਼ਰ ਦਾ ਨਾਮ ਪੂਰਨ ਹੈ।

ਯਥਾ— **ਬਿਨਵੰਤਿ ਨਾਨਕੁ ਸਦਾ ਤ੍ਰਿਪਤੇ ਹਰਿ ਨਾਮੁ ਭੋਜਨੁ ਖਾਇਆ ॥** [ਜੈਤਸਰੀ ਮਹਲਾ ੫, ਅੰਗ ੭੦੫]

ਅੰਤਿ ਪੂਰਨ ਪਰਮੇਸੁਰਹ=ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤ ਵਿੱਚ ਵੀ ਪ੍ਰਮੇਸ਼ਰ ਦਾ ਨਾਮ ਪੂਰਨ ਹੈ।

ਯਥਾ— **ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥** [ਸਲੋਕ ਮਹਲਾ ੫, ਅੰਗ ੧੪੨੯]

PDF created with pdfFactory Pro trial version www.pdffactory.com

## ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ ॥੧॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਘ=ਪਾਪਾਂ ਦੇ ਨਾਸਨ=ਨਾਸ ਕਰਨ ਵਾਲਾ ਜੋ ਜਗਦੀਸੁਰਹ=ਜਗਤ ਦਾ ਈਸ਼ਵਰ ਹੈ ਉਸ ਦਾ ਜਸ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਮਣੰ=ਰਮ ਭਾਵ ਮਿਲ ਰਿਹਾ ਹੈ। ਇਸੇ ਕਰਕੇ ਸੰਤ ਮਹਾਂਪੁਰਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਮਰੰਤਿ=ਸਿਮਰਨ ਕਰਦੇ ਰਹਿੰਦੇ ਹਨ ਭਾਵ ਹਰ ਵੇਲੇ ਸ੍ਰੀ ਗੁਰੂ ਸਾਹਿਬ ਜੀ ਦਾ ਪਾਠ ਕਰਦੇ ਰਹਿੰਦੇ ਹਨ।

੨. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਸ ਸਾਰੇ ਰਚ ਰਿਹਾ ਹੈ, ਇਸੇ ਕਰਕੇ ਸੰਤ ਜਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅੱਠੇ ਪਹਿਰ ਸਿਮਰਦੇ ਹਨ, ਜਗਦੀਸੁਰ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਅਘ=ਪਾਪਾਂ ਦੇ ਨਾਸ ਕਰਨ ਵਾਲਾ ਹੈ ਤੇ ਤਾਰਨੇ ਨੂੰ ਜਹਾਜ਼ ਰੂਪ ਹੈ।

## ਪੇਖਨ ਸੁਨਨ ਸੁਨਾਵਨੋ ਮਨ ਮਹਿ ਦ੍ਰਿੜੀਐ ਸਾਚੁ ॥

ਸੰਤ ਜਨ ਸ੍ਰੀ ਗੁਰੂ ਸਾਹਿਬ ਜੀ ਦਾ ਦਰਸ਼ਨ ਦੇਖਣਾ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਸ ਸੁਣਦੇ ਰਹਿੰਦੇ ਹਨ ਅਤੇ ਹੋਰਨਾਂ ਨੂੰ ਸੁਣਾਉਂਦੇ ਹਨ ਤੇ ਆਪਣੇ ਮਨ ਵਿੱਚ ਸੱਚ ਨੂੰ ਹੀ ਦ੍ਰਿੜ ਰੱਖਦੇ ਹਨ।

## ਪੂਰਿ ਰਹਿਓ ਸਰਬਤ੍ਰ ਮੈ ਨਾਨਕ ਹਰਿ ਰੰਗਿ ਰਾਚੁ ॥੨॥

ਸਾਰਿਆਂ ਵਿੱਚ [ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ] ਜਸ ਪੂਰਨ ਹੋ ਰਿਹਾ ਨਿਸਚੇ ਕਰਦੇ ਹਨ ਅਤੇ ਹਰੀ ਸਰੂਪ ਜਾਣ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੰਗਿ=ਪ੍ਰੇਮ ਵਿੱਚ ਰਚੇ ਰਹਿੰਦੇ ਹਨ।

[**ਦੂਜਾ ਅਰਥ**]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਦਿ ਵਿੱਚ ਜਿਵੇਂ ਕਥਨ ਕੀਤਾ ਹੈ।

ਯਥਾ— **ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥**

[ਜਪੁ ਜੀ ਸਾਹਿਬ ਅੰਗ ੧]

ਸਚੁ=ਨਿਸਚੇ ਕਰਕੇ ਗੁਰੂ ਜੀ ਜੁਗਾਦਿ=ਉਚਾਰਦੇ ਹਨ ਕਿ ਉਹ ਪ੍ਰਭੂ ਆਦਿ ਵਿੱਚ ਸੱਚਾ ਸੀ ਹੁਣ ਭੀ ਸੱਚ ਹੈ ਅੱਗੇ ਭੀ ਸੱਚਾ ਹੋਵੇਗਾ। ਓਸੇ ਮਹਾਂਵਾਕ ਅਨੁਸਾਰ ਉਪਕਰਮ ਉਪਸੰਘਾਰ ਦੀ ਰੀਤੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਧ ਭਾਗ ਵਿੱਚ ਕਥਨ ਕਰਦੇ ਹਨ। ਸ਼ਾਮ ਵੇਦ ਦੀ ਛਾਂਦੋਗ ਉਪਨਿਸ਼ਦ ਦੇ ਛੇਵੇਂ ਅਧਿਆਇ ਵਿੱਚ ਉਦਿਆਲਕ ਰਿਖੀ ਨੇ ਆਪਣੇ ਪੁੱਤਰ ਸ੍ਵੇਤ ਕੇਤੂ ਦੇ ਪ੍ਰਸ਼ਨ ਅਨੁਸਾਰ ਤਤ੍ਵਮਸੀ ਮਹਾਂਵਾਕ ਦਾ ਉਪਦੇਸ਼ ਦਿੰਦਿਆਂ ਹੋਇਆਂ ਸ੍ਰਵਣ ਦੇ ਖਟ ਅੰਗ ਕਥਨ ਕੀਤੇ ਹਨ :—

੧. **ਉਪਕ੍ਰਮ ਉਪ ਸੰਘਾਰ—**ਜੋ ਪ੍ਰਸੰਗ ਆਦਿ ਵਿੱਚ ਆਰੰਭ ਹੋਵੇ, ਓਸੇ ਪ੍ਰਸੰਗ ਪਰ ਅੰਤ ਨੂੰ ਸਮਾਪਤੀ ਕਰਨੀ।
੨. **ਅਭਿਆਸ—**ਵਾਰ ਵਾਰ ਪੜਨੇ ਨੂੰ ਅਭਿਆਸ ਕਹਿੰਦੇ ਹਨ।
੩. **ਅਪੂਰਬਤਾ—**ਅਲੌਕਿਕਤਾ ਨੂੰ ਅਪੂਰਬਤਾ ਕਹਿੰਦੇ ਹਨ।
੪. **ਫਲ—**ਮੋਖ ਦੀ ਪ੍ਰਾਪਤੀ ਨੂੰ ਫਲ ਆਖਦੇ ਹਨ।
੫. **ਅਰਥਵਾਦ—**ਉਸਤਤੀ ਨੂੰ ਅਰਥਵਾਦ ਕਹਿੰਦੇ ਹਨ।
੬. **ਉਪਮਤੀ—**ਅਨੁਕੂਲ ਦ੍ਰਿਸ਼ਟਾਂਤ ਨੂੰ ਉਪਮਤੀ ਆਖਦੇ ਹਨ।

ਇਸੇ ਉਪਕ੍ਰਮ ਉਪ ਸੰਘਾਰ ਦੀ ਰੀਤੀ ਨਾਲ ਕਥਨ ਕਰਦੇ ਹਨ :—

PDF created with pdfFactory Pro trial version www.pdffactory.com

## ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥

ਉਹ ਪ੍ਰਮੇਸ਼ਰ ਸ੍ਰਿਸ਼ਟੀ ਦੇ ਆਦਿ ਵਿੱਚ ਵੀ ਪੂਰਨ ਸੀ, ਮਧ ਵਿੱਚ ਵੀ ਪੂਰਨ ਹੈ ਤੇ ਅੰਤ ਵਿੱਚ ਵੀ ਪੂਰਨ ਹੋਵੇਗਾ। ਅਰਥਾਤ ਜੋ ਪ੍ਰਮਾਤਮਾ [ਭੂਤ, ਭਵਿਖ, ਵਰਤਮਾਨ] ਤਿੰਨਾਂ ਸਮਿਆਂ ਵਿੱਚ ਪੂਰਨ ਹੈ।

ਯਥਾ— **੧. ਆਦਿ ਮਧਿ ਅੰਤਿ ਪ੍ਰਭੁ ਸੋਈ॥ ਨਾਨਕ ਤਿਸੁ ਬਿਨੁ ਅਵਰੁ ਨ ਕੋਈ॥**
[ਸੂਹੀ ਮਹਲਾ ੫, ਅੰਗ ੭੬੦]

**੨. ਰਿਧਿ ਸਿਧਿ ਨਵ ਨਿਧਿ ਜਾ ਕੈ ਅੰਮ੍ਰਿਤਾ ਪਰਵਾਹ॥**
**ਆਦਿ ਅੰਤੇ ਮਧਿ ਪੂਰਨ ਊਚ ਅਗਮ ਅਗਾਹ॥** [ਮਾਰੂ ਮਹਲਾ ੫, ਅੰਗ ੧੦੧੭]

**੩. ਆਦਿ ਅੰਤਿ ਮਧਿ ਪ੍ਰਭੁ ਸੋਈ॥ ਆਪੇ ਕਰਤਾ ਕਰੇ ਸੁ ਹੋਈ॥**
[ਮਾਰੂ ਸੋਲਹੇ ਮਃ ੫, ਅੰਗ ੧੦੮੫]

ਸੰਪੂਰਨ ਬਾਣੀ ਵਿੱਚ ਉਪਕ੍ਰਮ ਉਪ ਸੰਘਾਰ ਦੀ ਰੀਤ ਇਸ ਤਰ੍ਹਾਂ ਵੀ ਹੈ ਕਿ ਸਤਿਗੁਰੂ ਜੀ ਨੇ "ਸ" ਅੱਖਰ ਤੋਂ ਬਾਣੀ ਦੀ ਆਰੰਭਤਾ ਕਰਕੇ "ਸ" ਅੱਖਰ ਤੇ ਹੀ ਸਮਾਪਤੀ ਕੀਤੀ ਹੈ। ੧ੴ ਮੰਗਲ ਰੂਪ ਹੈ ਅਗੋਂ ਸਤਿਨਾਮ "ਸ" ਅੱਖਰ ਤੋਂ ਸ਼ੁਰੂ ਹੁੰਦਾ ਹੈ ਤੇ ਸਮਾਪਤੀ ਤੇ "ਅਠਾਰਹ ਦਸ ਬੀਸ" ਸਮਾਪਤੀ ਫਿਰ "ਸ" ਅੱਖਰ ਤੇ ਹੈ।

## ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ ॥ ੧ ॥

ਸਤਿਗੁਰੂ ਜੀ ਕਥਨ ਕਰਦੇ ਹਨ ਉਹ ਸੰਸਾਰ ਦਾ ਮਾਲਕ ਵਾਹਿਗੁਰੂ ਅਘ=ਪਾਪਾਂ ਦੇ ਨਾਸਨ=ਨਾਸ ਕਰਨ ਵਾਲਾ ਹੈ। ਸੰਤ ਉਸ ਵਾਹਿਗੁਰੂ ਨੂੰ ਸਾਰੇ ਪਰੀਪੂਰਨ ਜਾਣਕੇ ਉਸਦਾ ਸਿਮਰੰਤਿ=ਸਿਮਰਨ ਕਰਦੇ ਹਨ।

## ਪੇਖਨ ਸੁਨਨ ਸੁਨਾਵਨੋ ਮਨ ਮਹਿ ਦ੍ਰਿੜੀਐ ਸਾਚੁ ॥

ਉਸ ਵਾਹਿਗੁਰੂ ਨੂੰ ਦੇਖਦੇ ਹਨ। ਉਸ ਵਾਹਿਗੁਰੂ ਦਾ ਨਾਮ ਹੀ ਸੁਨਣਾ ਤੇ ਸੁਨਾਉਣਾ ਕਰਦੇ ਹਨ ਅਤੇ ਸੱਚੇ ਵਾਹਿਗੁਰੂ ਨੂੰ ਹੀ ਮਨ ਵਿੱਚ ਦ੍ਰਿੜੀਐ=ਪੱਕਾ ਕਰਦੇ ਹਨ।

## ਪੂਰਿ ਰਹਿਓ ਸਰਬਤ੍ਰ ਮੈ ਨਾਨਕ ਹਰਿ ਰੰਗਿ ਰਾਚੁ ॥ ੨ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਉਹ ਸਾਰਿਆਂ ਵਿੱਚ ਪੂਰਨ ਹੋ ਰਿਹਾ ਹੈ ਇਸ ਕਿਸਮ ਦਾ ਨਿਸਚਾ ਕਰਕੇ ਹਰਿ=ਵਾਹਿਗੁਰੂ ਦੇ ਰੰਗਿ=ਪ੍ਰੇਮ ਵਿੱਚ ਰਾਚੁ=ਤਦਾਕਾਰ ਹੋਏ ਰਹਿੰਦੇ ਹਨ।

## ਪਉੜੀ ॥ ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ ॥

ਹੇ ਗੁਰਸਿਖੋ! ਇਕ ਨਿਰੰਜਨੁ=ਮਲ ਮਾਇਆ ਤੋਂ ਰਹਿਤ ਵਾਹਿਗੁਰੂ ਦੇ ਨਾਮ ਨੂੰ ਗਾਉਣਾ ਕਰੀਏ ਉਹ ਸਭ=ਸਾਰੇ ਜੀਵਾਂ ਦੇ ਅੰਦਰ ਵਿਆਪਕ ਹੈ।

## ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ ॥

ਉਹ ਵਾਹਿਗੁਰੂ ਪ੍ਰਮੇਸ਼ਰ ਸਭ ਕਾਰਨਾਂ ਦੇ ਕਰਨ ਨੂੰ ਸਮਰੱਥ ਹੈ ਜੋ ਕੁਝ ਉਹ ਵਾਹਿਗੁਰੂ ਕਰਦਾ ਹੈ ਉਹੀ ਹੁੰਦਾ ਹੈ।

## ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ ॥

ਛਿਨ ਵਿੱਚ ਹੀ ਥਾਪਿ=ਅਸਥਾਪਨ ਕਰਦਾ ਭਾਵ ਬਣਾਉਂਦਾ ਹੈ ਤੇ ਛਿਨ ਵਿੱਚ ਹੀ ਉਥਾਪਦਾ=ਢਾਹੁੰਦਾ ਹੈ ਉਸ ਤੋਂ ਬਿਨਾਂ ਕੋਈ ਕੁਝ ਨਹੀਂ ਕਰ ਸਕਦਾ।

PDF created with pdfFactory Pro trial version www.pdffactory.com

## ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ ॥

ਉਹੋ ਹੀ ਖੰਡਾਂ ਬ੍ਰਹਮੰਡਾਂ ਪਤਾਲਾਂ ਦੀਪਾਂ ਅਤੇ ਸਾਰਿਆਂ ਲੋਕਾਂ ਵਿੱਚ ਰਵਿਆ=ਮਿਲ ਰਿਹਾ ਹੈ। ਨਉ ਖੰਡ :— ਭਾਰਤੀ ਭੂਗੋਲ ਵੇਤਾ ਇਸ ਧਰਤੀ ਦੇ ਨੌਂ ਹਿੱਸੇ ਮੰਨਦੇ ਹਨ ਤੇ ਉਨ੍ਹਾਂ ਨੂੰ ਨੌਂ ਖੰਡਾਂ ਨਾਲ ਯਾਦ ਕਰਦੇ ਸਨ। ਨੌਂ ਖੰਡ ਇਹ ਹਨ :—ਭਰਤ, ਇਲਾਵ੍ਰਿਤ, ਕਿੰਪੁਰਸ਼, ਭੱਦ੍ਰ, ਕੇਤੁਮਾਲ, ਹਰਿ, ਹਿਰਣਯ, ਰਮਯ ਤੇ ਕੁਸ਼।

ਕਈਆਂ ਨੇ ਇਨ੍ਹਾਂ ਖੰਡਾਂ ਨੂੰ ਨਵੇਂ ਭੂ-ਭਾਗਾਂ ਨਾਲ ਮਿਲਾਉਣ ਦਾ ਜਤਨ ਕੀਤਾ ਹੈ ਪਰ ਇਹ ਹੋ ਨਹੀਂ ਸਕਿਆ। ਦਰਅਸਲ ਪੁਰਾਣੇ ਲੋਕਾਂ ਨੇ ਆਪਣੇ ਸਮੇਂ ਅਤੇ ਗਿਆਨ ਅਨੁਸਾਰ ਇਹ ਵੰਡ ਕੀਤੀ ਸੀ।

**ਬ੍ਰਹਮੰਡ :—**ਬ੍ਰਹਮੰਡ ਦੇ ਅਰਥ ਹਨ ਬ੍ਰਹਮ ਦਾ ਅੰਡਾ ਅਰਥਾਤ ਗੋਲਾਕਾਰ ਪ੍ਰਿਥਵੀ। ਮਨੂੰ ਸਿਮ੍ਰਿਤੀ ਤੇ ਪੁਰਾਣਾਂ ਵਿੱਚ ਕਥਾ ਹੈ ਕਿ ਜਗਤ ਰਚਨਾਂ ਤੋਂ ਪਹਿਲਾਂ ਇਕ ਸੋਨੇ ਰੰਗਾ ਅੰਡਾ ਪੈਦਾ ਹੋਇਆ ਜੋ ਹਜ਼ਾਰ ਵਰ੍ਹੇ ਪਿਛੋਂ ਫੁੱਟ ਕੇ ਦੋ ਟੋਟੇ ਹੋ ਗਿਆ। ਜਿਸ ਤੋਂ ਸੱਤ ਉਪਰਲੇ ਤੇ ਸੱਤ ਹੇਠਲੇ ਲੋਕ ਬਣੇ। ਸੱਤ ਅਕਾਸ਼ ਇਹ ਹਨ :—ਭੂਰ, ਭਵਰ, ਸੁਵਰ, ਮਹਰ, ਜਨ, ਤਪ, ਸਤ। ਸੱਤ ਪਤਾਲ ਇਹ ਹਨ :—ਅਤਲ, ਬਿਤਲ, ਸੁਤਲ, ਤਲਾਤਲ, ਰਸਾਤਲ, ਮਹਾਂਤਲ, ਪਾਤਾਲ। ਧਰਤੀ ਦਾ ਚੌਥਾ ਹਿੱਸਾ ਖੁਸ਼ਕ ਤੇ ਬਾਕੀ ਪਾਣੀ ਹੈ। ਇਹ ਸਾਰਾ ਖੇਤਰ ਉੱਨੀ ਕਰੋੜ ਸੱਤਰ ਲੱਖ ਵਰਗ ਮੀਲ ਹੈ। ਇਹ ਸੱਤਾਂ ਸਮੁੰਦਰਾਂ ਨਾਲ ਘਿਰੇ ਸੱਤ ਦੀਪਾਂ ਵਿੱਚ ਹੈ। ਸੱਤ ਦੀਪ ਇਹ ਹਨ :—ਜੰਬੂ, ਪਲਖੁ, ਸ਼ਾਲਮਲੀ, ਕੁਸੁ, ਕ੍ਰੌਂਚ, ਤੇ ਪੁਸ਼ਕਾਰ। ਨਵੇਂ ਭੂ ਵਿਗਿਆਨੀ :—ਏਸ਼ੀਆ, ਯੂਰਪ, ਉੱਤਰੀ ਅਮਰੀਕਾ, ਦੱਖਣੀ ਅਮਰੀਕਾ, ਅਫਰੀਕਾ, ਓਸੀਲੀਆ ਤੇ ਧ੍ਰਵਾਂ ਲਾਗੇ ਬਰਫਾ ਨਾਲ ਢਕਿਆ ਹਿੱਸਾ। ਇਹ ਸੱਤ ਭਾਗ ਗਿਣਦੇ ਹਨ।

## ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ ॥੧॥

ਜਿਸਨੂੰ ਉਹ ਪ੍ਰਮੇਸ਼ਰ ਆਪ ਬੁਝਾਏ=ਸਮਝਾਉਂਦਾ ਹੈ ਓਹੀ ਬੁਝਸੀ=ਸਮਝਦਾ ਹੈ। ਜਿਸਨੇ ਉਸ ਪ੍ਰਮੇਸ਼ਰ ਨੂੰ ਸਮਝਿਆ ਹੈ ਓਹੀ ਪਵਿੱਤ੍ਰ ਜਨੁ=ਪੁਰਸ਼ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੧੧੨ [ਆਦਿ ਅੰਗ ੭੦੭]

***ਸਲੋਕ ॥ ਬਸੰਤਿ ਸੂਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ ॥ ਬਿਸਰੰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ ॥੧॥ ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ ॥ ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ ॥੨॥ ਪਉੜੀ ॥ ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ ॥ ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ ॥ ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ ॥ ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ ॥ ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥੯॥***

ਇਹ ਮੁਖਵਾਕ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਜੈਤਸਰੀ ਦੀ ਵਾਰ ਵਿੱਚ ਅੰਗ ੭੦੭ ਤੇ ਅੰਕਿਤ ਹੈ। ਇਸ ਮੁਖਵਾਕ ਦੇ ਸਲੋਕ ਦੀਆਂ ਦੋ ਤੁਕਾਂ ਵਿੱਚ ਪ੍ਰਮਾਤਮਾ ਨਾਲੋਂ ਟੁੱਟੇ ਹੋਏ ਜੀਵਾਂ ਨੂੰ ਉਪਦੇਸ਼ ਦੇ ਕੇ ਸਮਝਾਇਆ ਹੈ ਕਿ ਦ੍ਰਿਸ਼ਟਮਾਨ ਪਦਾਰਥ ਸਭ ਮਿਥਿਆ ਰੂਪ ਹਨ। ਇਹਨਾਂ ਦੇ ਰਸਾਂ ਵਿੱਚ ਲੱਗ ਕੇ ਜੀਵ ਆਪਣਾ ਮਨੁੱਖਾ ਸਰੀਰ ਦਾ ਕੀਮਤੀ ਸਮਾਂ ਬੇਅਰਥ ਗਵਾ ਰਿਹਾ ਹੈ। ਮਾਤ ਲੋਕ ਦੇ ਜੀਵਾਂ ਕੋਲ ਤਾਂ ਭੋਗ ਸਮਗ੍ਰੀ ਅਲਪ ਰੂਪ ਵਿੱਚ ਹੈ। ਸੂਰਗ ਵਿੱਚ ਵਸਣ ਵਾਲੇ ਜੀਵ ਰੂਪ ਦੇਵਤਿਆਂ ਕੋਲ ਇਸ ਭੋਗ ਸਮਗ੍ਰੀ ਦੀ ਬਹੁਲਤਾ ਹੈ। ਨਾਮ ਤੋਂ ਬਿਨਾਂ ਜੀਵ ਦੀ ਹਾਲਤ ਇਸ ਤਰ੍ਹਾਂ ਹੈ ਜਿਸ ਤਰ੍ਹਾਂ ਕੋਈ ਰਸਤਾ ਭੁੱਲ ਕੇ ਉਜਾੜਾਂ ਵਿੱਚ ਭਟਕਦਾ ਹੋਵੇ। ਇਸ ਸ਼ਬਦ ਵਿੱਚ ਪਦਾਰਥਾਂ ਅੰਦਰ ਜੀਵ ਦੀ ਫਸੀ ਬਿਰਤੀ ਨੂੰ ਉਪਰਾਮਤਾ ਦੇਣ ਲਈ ਪ੍ਰਮੇਸ਼ਰ ਦੇ ਨਾਮ ਵਿੱਚ ਜੋੜਨ ਲਈ ਐਸਾ ਉਪਦੇਸ਼ ਬਖਸ਼ਿਸ਼ ਕਰਦੇ ਹਨ ਕਿ ਸੰਸਾਰ ਦੇ ਆਮ ਮਨੁੱਖਾਂ ਦੀ ਤਾਂ ਕੀ ਗੱਲ ਹੈ ਜੋ ਸੰਸਾਰ ਵਿੱਚ ਮਹਾਨ ਪੁਰਸ਼ ਹੋਏ ਹਨ।

## ***ਸਲੋਕ ॥ ਬਸੰਤਿ ਸੂਰਗ ਲੋਕਹ ਜਿਤਤੇ ਪ੍ਰਿਥਵੀ ਨਵ ਖੰਡਣਹ ॥***

ਜਿਨ੍ਹਾਂ ਬਲ ਵਾਲਿਆਂ ਨੌਂ ਖੰਡਾਂ ਵਾਲੀ ਪ੍ਰਿਥਵੀ=ਧਰਤੀ ਨੂੰ ਜਿਤਤੇ=ਜਿੱਤ ਲਿਆ ਹੈ ਤੇ ਸਵਰਗ ਲੋਕ ਵਰਗੇ ਸੁਖਾਂ ਦੇ ਅਸਥਾਨ ਨੂੰ ਆਪਣੇ ਬਸੰਤਿ=ਵਸਣ ਲਈ ਟਿਕਾਣਾ ਬਣਾ ਲਿਆ ਹੈ।

## ***ਬਿਸਰੰਤ ਹਰਿ ਗੋਪਾਲਹ ਨਾਨਕ ਤੇ ਪ੍ਰਾਣੀ ਉਦਿਆਨ ਭਰਮਣਹ ॥੧॥***

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਐਸੇ ਮਹਾਂਬਲੀ ਸੰਸਾਰ ਦੇ ਜਿੱਤਣ ਵਾਲੇ ਜੇ ਉਨ੍ਹਾਂ ਨੂੰ ਹਰਿ=ਵਾਹਿਗੁਰੂ ਗੋਪਾਲਹ=ਗੋ=ਧਰਤੀ ਦਾ ਪਾਲਕ ਬਿਸਰੰਤ=ਭੁੱਲ ਗਿਆ ਹੈ ਤਾਂ ਉਹ ਜੀਵ ਸੰਸਾਰ ਰੂਪੀ ਉਜਾੜ ਵਿੱਚ ਭਟਕਦੇ ਹਨ ਵਾ-ਉਜਾੜ ਵਿੱਚ ਭਰਮਣ ਦੀ ਨਿਆਈਂ ਦੁਖੀ ਹੁੰਦੇ ਹਨ।

ਯਥਾ— **ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥**
**ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥**
**ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥**
**ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥**
**ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥** [ਵਾਰ ਜੈਤਸਰੀ ਮਃ ੫, ਅੰਗ ੭੦੭]

ਇਤਨੇ ਮਹਾਨ ਸੁਖਾਂ ਦੇ ਮਾਲਕ ਹੋ ਕੇ ਭੀ ਅਖੀਰ ਰੁਲਦੇ ਫਿਰੇ, ਪਰਮਾਤਮਾਂ ਨੂੰ ਭੁਲਾਕੇ ਅਨੇਕਾਂ ਜੂਨਾਂ ਵਿੱਚ ਧੱਕੇ ਖਾਧੇ।

ਯਥਾ— **੧. ਹੇਮ ਗਲੇ ਅਰੁ ਸੀਸ ਉਤੰਸ, ਉਠਾਹਿ ਸੁ ਪਾਦ ਮਹਾਂ ਹਿਨਨਾਤੇ।**
**ਕੋਟ ਤੁਰੰਗ ਕਰੰਗ ਸੇ ਕੂਦਤ, ਦੌਰ ਪ੍ਰਭੰਜਨ ਕੋ ਜਿਣ ਜਾਤੇ।**

PDF created with pdfFactory Pro trial version www.pdffactory.com

**ਦਿਗਜ ਮੇ ਗਜ ਭੌਨ ਦੁਆਰ, ਸੁ ਝੂਲਤ ਹੈਂ ਮਦਰਾ ਮਦ ਮਾਤੇ।**
**ਯੌ ਬਿਧਿ ਯਾਂਹਿ ਭਈ ਤੁ ਕਹਾ, ਜਬ ਜਾਨ ਕੀ ਨਾਥ ਕੇ ਰੰਗ ਨ ਰਾਤੇ।**

[ਭਾਵਰਸਾਂਮ੍ਰਿਤ ਸ੍ਵੈਯਾ ੧੪]

**੨. ਜੀਤ ਫਿਰੈ ਸਭ ਦੇਸ ਦਿਸਾਨ ਕੋ ਬਾਜਤ ਢੋਲ ਮ੍ਰਿਦੰਗ ਨਗਾਰੇ॥**
**ਗੁੰਜਤ ਗੂੜ ਗਜਾਨ ਕੇ ਸੁੰਦਰ ਹਿੰਸਤ ਹੀ ਹਯਰਾਜ ਹਜਾਰੇ॥**
**ਭੂਤ ਭਵਿੱਖ ਭਵਾਨ ਕੇ ਭੂਪਤਿ ਕਉਨੁ ਗਨੈ ਨਹੀ ਜਾਤ ਬਿਚਾਰੇ॥**
**ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨੁ ਅੰਤ ਕਉ ਅੰਤਕੇ ਧਾਮ ਸਿਧਾਰੇ॥**

[ਤ੍ਵਪ੍ਰਸਾਦਿ ਸ੍ਵੈਯੇ ਸ੍ਰੀ ਦਸਮ ਗ੍ਰੰਥ ਪੰਨਾ ੧੩]

ਇਕ ਦਿਨ ਤ੍ਰੇਤੇ ਦੇ ਅਵਤਾਰ ਭਗਵਾਨ ਸ੍ਰੀ ਰਾਮਚੰਦਰ ਜੀ ਆਪਣੇ ਸਿੰਘਾਸਨ ਤੇ ਬਿਰਾਜਮਾਨ ਸਨ। ਉਨ੍ਹਾਂ ਦੇ ਗੁਰਦੇਵ ਸ੍ਰੀ ਵਸ਼ਿਸ਼ਟ ਮੁਨੀ ਜੀ ਵੀ ਉਚੇ ਸਿੰਘਾਸਨ ਤੇ ਸੁਭਾਇਮਾਨ ਸਨ। ਅਨੇਕਾਂ ਰਿਸ਼ੀ ਮੁਨੀ ਇਸ ਸਭਾ ਵਿੱਚ ਉਪਸਥਿਤ ਸਨ। ਕੁਝ ਵਜ਼ੀਰ-ਅਮੀਰ-ਬੁੱਧੀਵਾਨ ਲੋਕ ਬੈਠੇ ਸਨ। ਸਭਾ ਵਿੱਚ ਜਨ ਸਮੁਦਾਇ ਦੇ ਭਲੇ ਲਈ ਕਿਸੇ ਨਾ ਕਿਸੇ ਵਿਸ਼ੇ ਤੇ ਵਿਚਾਰ ਹੁੰਦੀ ਰਹਿੰਦੀ ਸੀ। ਕਈ ਵਾਰ ਨਿਰੋਲ ਆਤਮਿਕ ਵਿਚਾਰ ਵੀ ਹੁੰਦੀ ਤੇ ਕਈ ਵਾਰ ਮੁਕਤੀ ਦੇ ਰਾਹ ਵਿੱਚ ਆਈਆਂ ਰੁਕਾਵਟਾਂ ਦੂਰ ਕਰਨ ਲਈ ਸੌਖੇ ਸਾਧਨਾਂ ਤੇ ਵਿਚਾਰ ਹੁੰਦੀ। ਸਭ ਤੋਂ ਵਡੀ ਰੁਕਾਵਟ ਜੋ ਮਨ ਦੀ ਵਾਸ਼ਨਾਂ ਦੀ ਹੈ ਇਸ ਦੀ ਪ੍ਰਬਲਤਾਈ ਦਾ ਵਖਿਆਨ ਹੁੰਦਾ। ਅੱਜ ਅਚਨਚੇਤ ਭਗਵਾਨ ਸ੍ਰੀ ਰਾਮ ਜੀ ਬਿਨਾਂ ਹੀ ਕਿਸੇ ਹਾਸ-ਰਸ ਦੀ ਗੱਲ ਤੋਂ ਖਿੜ-ਖਿੜਾ ਕੇ ਹੱਸ ਪਏ ਤਾਂ ਇਨ੍ਹਾਂ ਦੇ ਹੱਸਣ ਦੇ ਕਾਰਨ ਸਭਾ ਵਿੱਚ ਬੈਠੇ ਰਿਸ਼ੀ ਮੁਨੀ ਤੇ ਹੋਰ ਬੁਧੀਵਾਨ ਅਸਚਰਜ ਹੋ ਗਏ ਕਿ ਬਿਨਾਂ ਹੀ ਕਾਰਨ ਭਗਵਾਨ ਜੀ ਕਿਉਂ ਹੱਸ ਰਹੇ ਹਨ, ਹੱਸਣ ਦੇ ਕਾਰਨ ਦਾ ਪਤਾ ਲੱਗਣ ਦੀ ਇੱਛਾ ਸਭ ਨੂੰ ਸੀ। ਇਸ ਗੱਲ ਨੂੰ ਮਹਿਸੂਸ ਕਰਦੇ ਹੋਏ ਮਹਾਂ ਮੁਨੀ ਵਸ਼ਿਸ਼ਟ ਜੀ ਨੇ ਸਾਰਿਆਂ ਦੀ ਸ਼ੰਕਾ ਦਾ ਸਮਾਧਾਨ ਕਰਨ ਲਈ ਭਗਵਾਨ ਸ੍ਰੀ ਰਾਮ ਜੀ ਨੂੰ ਪੁੱਛਣਾ ਕੀਤਾ ਕਿ ਹੇ ਰਾਮ! ਆਪ ਬਿਨਾਂ ਹੀ ਕਿਸੇ ਕਾਰਨ ਤੋਂ ਖਿੜ-ਖਿੜਾ ਕੇ ਹੱਸ ਪਏ ਹੋ। ਜਿਥੇ ਤੱਕ ਸਭਾ ਵਿੱਚ ਬੈਠੇ ਲੋਕਾਂ ਦਾ ਸਵਾਲ ਹੈ। ਸਾਰੇ ਹੀ ਇਹ ਮਹਿਸੂਸ ਕਰਦੇ ਹਨ ਕਿ ਅਚਾਨਕ ਇਤਨਾ ਹਸਣਾ, ਸ਼ੰਕਾ ਦਾ ਕਾਰਣ ਬਣ ਗਿਆ ਹੈ। ਇਸ ਲਈ ਆਪ ਦੱਸੋ ਕਿ ਹੱਸਣ ਦਾ ਅਜਿਹਾ ਕਿਹੜਾ ਕਾਰਨ ਹੈ ਜੋ ਸਭਾ ਨਹੀ ਜਾਣਦੀ ਆਪ ਉਸਨੂੰ ਪ੍ਰਗਟ ਕਰੋ ਤਾਂ ਸ੍ਰੀ ਰਾਮ ਜੀ ਨੇ ਉੱਤਰ ਦਿੱਤਾ ਕਿ ਗੁਰਦੇਵ ਐਸੀ ਕੋਈ ਖਾਸ ਬਾਤ ਨਹੀਂ ਹੈ ਮੈਨੂੰ ਤਾਂ ਸੁਭਾਵਕ ਹੀ ਅਚਾਨਕ ਹਾਸੀ ਆ ਗਈ, ਮਹਾਂ ਮੁਨਿ ਵਸ਼ਿਸ਼ਟ ਜੀ ਗਿਆਨੀ ਸਨ ਕਹਿਨ ਲੱਗੇ ਕਿ ਹੇ ਰਾਮ ਇਸ ਸੰਸਾਰ ਵਿਚ ਰੋਣਾ ਤੇ ਹਸਣਾ ਇਕ ਆਪਣਾ ਵਿਸ਼ੇਸ਼ ਅਸਥਾਨ ਰਖਦੇ ਹਨ। ਦੋਨਾਂ ਦੇ ਆਪਣੇ-ਆਪਣੇ ਕਾਰਨ ਹਨ। ਰੋਣ ਦਾ ਆਪਣਾ ਕਾਰਨ ਹੈ ਹੱਸਣ ਦਾ ਆਪਣਾ ਕਾਰਨ ਹੈ। ਕਾਰਨ ਪਹਿਲਾਂ ਹੈ ਰੋਣਾ ਤੇ ਹੱਸਣਾ ਬਾਅਦ ਵਿੱਚ ਹੈ। ਸੋ ਅਸੀਂ ਜਾਨਣਾ ਚਾਹੁੰਦੇ ਹਾਂ ਕਿ ਇਸ ਸਮੇਂ ਹੱਸਣ ਦਾ ਕੀ ਕਾਰਨ ਹੈ। ਪ੍ਰਤੱਖ ਕਾਰਨ ਤਾਂ ਇਥੇ ਕੋਈ ਦਿੱਸਦਾ ਨਹੀਂ ਪਰ ਲਗਦਾ ਹੈ ਕਿ ਕੋਈ ਕਾਰਨ ਐਸਾ ਜ਼ਰੂਰ ਹੈ ਜਿਸਨੂੰ ਸਭਾ ਦੇ ਲੋਕ ਜਾਣਦੇ ਨਹੀਂ ਹਨ ਤੇ ਆਪ ਉਸ ਨੂੰ ਛੁਪਾ ਰਹੇ ਹੋ। ਸੋ ਆਪ ਕ੍ਰਿਪਾ ਕਰਕੇ ਸੱਚ-ਸੱਚ ਨਿਰਸੰਕੋਚ ਦੱਸਣ ਦੀ ਖੇਚਲ ਕਰੋ। ਤਾਂ ਭਗਵਾਨ ਸ੍ਰੀ ਰਾਮ ਜੀ ਨੇ ਕਿਹਾ ਕਿ ਹੇ ਗੁਰਦੇਵ! ਮੇਰਾ ਹੱਸਣ ਦਾ ਕਾਰਨ ਕੋਈ ਬਹੁਤਾ ਵੱਡਾ ਨਹੀਂ ਹੈ। ਬੱਸ ਇੱਕ ਨਿੱਕਾ ਜਿਹਾ ਕਾਰਨ ਜਿਸਨੂੰ ਸਭਾ ਵਿੱਚ ਬੈਠੇ ਮੈਂ ਹੀ ਵੇਖ ਰਿਹਾ ਹਾਂ ਇਸ ਲਈ ਕੇਵਲ ਮੈਨੂੰ ਹੀ ਹਾਸਾ ਆਇਆ ਹੈ ਮੈਂ ਆਪ ਜੀ ਦੇ ਬਚਨ ਦਾ ਸਤਿਕਾਰ ਕਰਦਾ ਹੋਇਆ ਦਸਦਾ ਹਾਂ ਕਿ ਇਹ ਇੱਕ ਕੀੜਾ ਜੋ ਮੇਰੇ ਸਿੰਘਾਸਨ ਤੇ ਚੜ੍ਹਨ ਦੀ ਇੱਛਾ ਰੱਖਕੇ ਕਈ ਵਾਰ ਕੋਸ਼ਿਸ਼ ਕਰ ਚੁੱਕਾ ਹੈ ਪਰ ਸਿੰਘਾਸਨ ਤੇ ਆਉਣ ਤੋਂ ਪਹਿਲਾਂ ਹੀ ਡਿੱਗ ਪੈਂਦਾ ਹੈ ਫਿਰ ਚੜ੍ਹਦਾ ਹੈ ਤੇ ਫਿਰ ਡਿਗ ਪੈਂਦਾ ਹੈ ਇਸ ਦੀ ਕਿਰਿਆ ਨੂੰ ਦੇਖ ਕੇ ਮੈਨੂੰ ਹਾਸਾ ਆ ਗਿਆ। ਤਾਂ ਗੁਰਦੇਵ ਵਸ਼ਿਸ਼ਟ ਨੇ ਕਿਹਾ ਰਾਮ! ਅਜੇ ਵੀ ਗੱਲ ਸਪੱਸ਼ਟ ਨਹੀਂ ਹੋਈ ਕੁਝ ਓਲ੍ਹਾ ਅਜੇ ਵੀ ਬਾਕੀ ਹੈ ਕਿਉਂਕਿ ਇਹ ਗੱਲ ਕੋਈ ਖਾਸ ਅਹਿਮੀਅਤ ਰਖਣ ਵਾਲੀ ਨਹੀਂ ਹੈ। ਕਿਉਂਕਿ ਸੰਸਾਰ ਵਿੱਚ ਅਨੇਕਾਂ

PDF created with pdfFactory Pro trial version www.pdffactory.com

ਕੀੜੇ ਮਕੌੜੇ ਉਚੀਆਂ ਥਾਵਾਂ ਤੇ ਚੜਦੇ ਤੇ ਡਿਗਦੇ ਹੀ ਰਹਿੰਦੇ ਹਨ ਇਸ ਵਿੱਚ ਹੱਸਣ ਵਾਲੀ ਕਿਹੜੀ ਗੱਲ ਸੀ। ਤਾਂ ਸ੍ਰੀ ਰਾਮ ਜੀ ਕਹਿਣ ਲੱਗੇ ਕਿ ਗੁਰਦੇਵ ਇਸ ਵਿੱਚ ਹੱਸਣ ਵਾਲੀ ਗੱਲ ਹੈ। ਇਸ ਕੀੜੇ ਦੀਆਂ ਦੋ ਲੱਤਾਂ ਟੁੱਟੀਆਂ ਹੋਈਆਂ ਹਨ। ਲੱਤਾਂ ਘਸੀਟ ਕੇ ਧਰਤੀ ਤੇ ਚਲਣਾ ਵੀ ਔਖਾ ਹੁੰਦਾ ਹੈ ਪਰ ਇਹ ਤਾਂ ਸਿੰਘਾਸਨ ਤੇ ਚੜ੍ਹਨ ਦੀ ਕੋਸ਼ਿਸ਼ ਕਰ ਰਿਹਾ ਹੈ ਇਸ ਲਈ ਮੈਂ ਹੱਸਿਆਂ ਹਾਂ। ਤਾਂ ਸ੍ਰੀ ਵਸ਼ਿਸ਼ਟ ਜੀ ਨੇ ਕਿਹਾ ਰਾਮ! ਇਸ ਸੰਸਾਰ ਵਿੱਚ ਅਨੇਕਾਂ ਕੁੱਤੇ, ਬਿੱਲੇ, ਪਸ਼ੂ ਪੰਛੀ, ਕੀੜੇ ਮਕੌੜੇ ਐਸੀ ਜ਼ਿੰਦਗੀ ਜੀਅ ਰਹੇ ਹਨ ਪਰ ਉਨ੍ਹਾਂ ਨੂੰ ਵੇਖ ਕੇ ਕਦੇ ਕੋਈ ਆਮ ਸਧਾਰਨ ਵਿਅਕਤੀ ਭੀ ਹਸਿਆ ਨਹੀਂ। ਆਪ ਤਾਂ ਇਕ ਮਰਿਆਦਾ ਪ੍ਰਸ਼ੋਤਮ, ਬੁਧੀਵਾਨ ਹੋ, ਫਿਰ ਰਿਸ਼ੀਆਂ ਦੀ ਸਭਾ ਵਿੱਚ ਸ਼ਸ਼ੋਭਤ ਹੋ, ਜ਼ਰੂਰ ਇਸ ਵਿੱਚ ਕੋਈ ਗੱਲ ਹੈ ਜੋ ਆਪ ਛੁਪਾ ਰਹੇ ਹੋ। ਮੈਂ ਗੁਰੂ ਹੋਣ ਦੇ ਨਾਤੇ ਇਹ ਆਦੇਸ਼ ਦਿੰਦਾ ਹਾਂ ਕਿ ਇਸ ਗੱਲ ਨੂੰ ਚੰਗੀ ਤਰ੍ਹਾਂ ਖੋਲ੍ਹੋ ਤਾਂਕਿ ਸੁਣਨ ਵਾਲਿਆਂ ਦੀ ਤਸੱਲੀ ਹੋ ਜਾਏ ਕਿ ਰਾਮ ਜੀ ਦਾ ਕੋਈ ਵੀ ਕਰਤਬ ਬੇਲੋੜਾ ਨਹੀਂ ਹੈ। ਜਿਸ ਕਰਕੇ ਸਭਾ ਨੂੰ ਤੁਹਾਡੇ ਤੇ ਵਿਸ਼ਵਾਸ ਬਣਿਆ ਰਹੇ ਸਭਾ ਦੀ ਇਸੇ ਗੱਲ ਵਿੱਚ ਕਲਿਆਣ ਹੈ। ਤਾਂ ਸ੍ਰੀ ਰਾਮ ਜੀ ਨੇ ਕਿਹਾ ਕਿ ਮਹਾਰਾਜ! ਮੈਂ ਇਸ ਰੱਬੀ ਭੇਦ ਨੂੰ ਪਰਗਟ ਨਹੀਂ ਸੀ ਕਰਨਾ ਚਾਹੁੰਦਾ ਪਰ ਆਪ ਦੇ ਆਦੇਸ਼ ਦੀ ਪਾਲਣਾ ਕਰਨਾ ਮੇਰਾ ਮੁਢਲਾ ਧਰਮ ਹੈ ਇਸ ਲਈ ਮੈ ਇਹ ਰੱਬੀ ਭੇਦ ਖੋਲ੍ਹਦਾ ਹਾਂ ਇਹ ਜੋ ਟੁੱਟੀਆਂ ਲੱਤਾਂ ਵਾਲਾ ਕੀੜਾ ਮੇਰੇ ਸਿੰਘਾਸਨ ਤੇ ਚੜ੍ਹਦਾ ਅਤੇ ਡਿਗਦਾ ਹੈ ਬੀਤੇ ਸਮੇਂ ਵਿਚ ਚੌਦਾ ਵਾਰ ਸਵਰਗ ਦਾ ਰਾਜਾ ਇੰਦ੍ਰ ਕਹਿਲਾ ਚੁੱਕਾ ਹੈ ਸਵਰਗ ਦੇ ਅਨੇਕਾਂ ਸੁੱਖ ਚੌਦਾਂ ਵਾਰ ਭੋਗ ਚੁੱਕਾ ਹੈ ਤੇ ਹੁਣ ਇਸ ਦੀ ਇਹ ਹਾਲਤ ਹੈ ਕਿ ਨਾਮ ਨੂੰ ਵਿਸਾਰ ਕੇ ਅਨੇਕਾਂ ਜੂਨਾਂ ਵਿੱਚ ਭਰਮਣ ਕਰਦਾ ਫਿਰ ਰਿਹਾ ਹੈ ਪਰ ਅਜੇ ਵੀ ਸਿੰਘਾਸਨ ਦੀ ਵਾਸ਼ਨਾ ਦਾ ਸੰਸਕਾਰ ਅੰਦਰ ਪਿਆ ਹੋਣ ਕਰਕੇ ਮੇਰੇ ਸਿੰਘਾਸਨ ਵੱਲ ਨੂੰ ਵਾਰ-ਵਾਰ ਆ ਰਿਹਾ ਹੈ ਸੋ ਇਸ ਦੀ ਐਸੀ ਮੂਰਖਤਾ ਨੂੰ ਵੇਖ ਕੇ ਮੈਨੂੰ ਹਾਸਾ ਆ ਗਿਆ। ਗੁਰਬਾਣੀ ਵਿੱਚ ਵੀ ਐਸਾ ਫੁਰਮਾਨ ਕੀਤਾ ਹੈ :—

ਯਥਾ— **ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥** [ਵਾਰ ਜੈਤਸਰੀ ਮਃ ੫, ਅੰਗ ੭੦੭]

**ਕੀਤਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥** [ਜਪੁਜੀ ਸਾਹਿਬ ਅੰਗ ੨]

ਸੋ ਨਾਮ ਨੂੰ ਵਿਸਾਰ ਕੇ ਜੀਵਾਂ ਦੀ ਐਸੀ ਹਾਲਤ ਹੁੰਦੀ ਹੈ। ਜਦੋਂ ਭਗਵਾਨ ਰਾਮ ਜੀ ਨੇ ਉਸ ਕੀੜੇ ਦੀ ਇਹ ਵਾਰਤਾ ਦੱਸੀ ਤਾਂ ਸਾਰੇ ਹੈਰਾਨ ਹੋ ਗਏ ਕਿ ਨਾਮ ਨੂੰ ਵਿਸਾਰ ਕੇ ਜੀਵ ਨੂੰ ਇਤਨਾ ਭਰਮਣ ਕਰਨਾ ਪੈਂਦਾ ਹੈ। ਇਤਨੇ ਵੱਡੇ-ਵੱਡੇ ਮਹਾਨ ਪੁਰਸ਼ਾਂ ਦਾ ਇਹ ਹਾਲ ਹੈ ਤਾਂ ਆਮ ਜੀਵਾਂ ਦੀ ਕੀ ਹਾਲਤ ਹੋਵੇਗੀ। ਇਹ ਗੱਲ ਸੁਣ ਕੇ ਵਸ਼ਿਸ਼ਟ ਜੀ ਨੇ ਕਿਹਾ ਕਿ ਹੇ ਰਾਮ! ਕੁਝ ਸਮੇਂ ਲਈ ਸਾਰੀ ਸਭਾ ਨੂੰ ਸਰਬੱਗਤਾ ਬਖਸ਼ੋ ਤਾਂ ਜੋ ਇਹ ਆਪ ਹੀ ਵੇਖ ਲੈਣ ਕਿ ਜੋ ਤੁਸੀ ਕਿਹਾ ਹੈ ਉਹ ਸੱਤ ਹੈ। ਭਗਵਾਨ ਜੀ ਨੇ ਸਾਰਿਆਂ ਨੂੰ ਸਰਬੱਗਤਾ ਬਖਸ਼ੀ ਤਾਂ ਸਾਰੀ ਸਭਾ ਨੇ ਆਪਣੇ ਅੰਦਰਲੇ ਨੇਤਰਾਂ ਦੁਆਰਾ ਵੇਖਿਆ ਕਿ ਠੀਕ ਇਹ ਕੀੜਾ ਚੌਦਾਂ ਵਾਰ ਇੰਦ੍ਰ ਬਣ ਚੁੱਕਾ ਹੈ ਪਰ ਨਾਮ ਨੂੰ ਭੁਲਾਉਣ ਕਰਕੇ ਭਟਕ ਰਿਹਾ ਹੈ। ਇਸ ਲਈ ਸਤਿਗੁਰੂ ਜੀ ਨੇ ਇਸ ਅੰਮ੍ਰਿਤ ਬਚਨ ਵਿੱਚ ਕਥਨ ਕੀਤਾ ਹੈ ਕਿ ਜੀਵ ਹਰੀ ਗੋਪਾਲ ਪ੍ਰਮਾਤਮਾ ਨੂੰ ਵਿਸਾਰ ਕੇ ਭਰਮਣ ਕਰਦੇ ਹਨ।

## ਕਉਤਕ ਕੋਡ ਤਮਾਸਿਆ ਚਿਤਿ ਨ ਆਵਸੁ ਨਾਉ ॥

ਜਿਸ ਜਗ੍ਹਾ ਕੋਡ=ਕ੍ਰੋੜਾਂ ਤਮਾਸਿਆ=ਖੇਡਾਂ ਦੇ ਕਉਤਕ=ਨਜ਼ਾਰੇ ਵੇਖਦਿਆਂ ਹੋਇਆਂ ਵਾਹਿਗੁਰੂ ਨਾਮ ਚੇਤੇ ਨਹੀਂ ਆਉਂਦਾ ਅਥਵਾ ਕਉਤਕ=ਅਸਚਰਜ ਰੂਪ ਕ੍ਰੋੜਾਂ ਤਮਾਸ਼ਿਆਂ ਕਰਕੇ ਚਿੱਤ ਵਿੱਚ ਪ੍ਰਭੂ ਦਾ ਨਾਮ ਚੇਤੇ ਨਹੀਂ ਆਉਂਦਾ।

## ਨਾਨਕ ਕੋੜੀ ਨਰਕ ਬਰਾਬਰੇ ਉਜੜੁ ਸੋਈ ਥਾਉ ॥੨॥

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਉਹ ਪੁਰਸ਼ ਕੋੜੀ=ਵੀਹ ਨਰਕਾਂ ਦੇ ਤੁੱਲ ਦੁੱਖ ਪਾਉਂਦਾ ਹੈ। ਉਹ

PDF created with pdfFactory Pro trial version www.pdffactory.com

ਬੇਮੁੱਖ ਪੁਰਸ਼ ਭਾਵੇਂ ਬਗੀਚਿਆਂ ਵਿੱਚ ਰਹਿੰਦਾ ਹੋਵੇ ਪਰ ਉਹ ਥਾਂ ਉਜਾੜ ਦੇ ਤੁਲ ਕਥਨ ਕੀਤਾ ਹੈ। ਅਥਵਾ :— ਉਹ ਪੁਰਸ਼ ਕੋੜੀ=ਕ੍ਰੋੜਾਂ ਨਰਕਾਂ ਦੇ ਤੁੱਲ ਦੁੱਖ ਪਾਉਂਦਾ ਹੈ। ਅਥਵਾ-ਕੋੜੀ=ਕੋੜ੍ਹੀ ਹੋ ਕੇ ਅਠਾਰਾਂ ਨਰਕਾਂ ਦੇ ਤੁਲ ਦੁੱਖ ਪਾਉਂਦਾ ਹੈ।

## ਪਉੜੀ ॥ ਮਹਾ ਭਇਆਨ ਉਦਿਆਨ ਨਗਰ ਕਰਿ ਮਾਨਿਆ ॥

ਮਹਾ=ਵੱਡਾ ਭਇਆਨ=ਭਇਆਨਕ ਤੇ ਉਦਿਆਨ=ਉਜਾੜ ਜੰਗਲ ਰੂਪ ਸੰਸਾਰ ਨੂੰ ਅਗਿਆਨੀ ਜੀਵ ਨੇ ਬੜੀ ਰੌਣਕ ਵਾਲਾ ਸ਼ਹਿਰ ਕਰਕੇ ਮੰਨਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਸਾਰ ਨੂੰ ਹੋਰ ਜਗ੍ਹਾ ਵੀ ਉਜਾੜ-ਜੰਗਲ ਕਥਨ ਕੀਤਾ ਹੈ ਅਤੇ ਸਨਬੰਧੀਆਂ ਨੂੰ ਜੰਗਲ ਵਿੱਚ ਰਹਿਣ ਵਾਲੇ ਕੁੱਤੇ ਗਿੱਦੜ ਅਤੇ ਖੋਤੇ ਦੱਸਿਆ ਹੈ।

ਯਥਾ— **ਉਦਿਆਨ ਬਸਨੰ ਸੰਸਾਰੰ ਸਨਬੰਧੀ ਸ੍ਵਾਨ ਸਿਆਲ ਖਰਹ ॥**

[ਸਲੋਕ ਸਹਸਕ੍ਰਿਤੀ ਮਃ ੫, ਅੰਗ ੧੩੫੯]

ਜਿਹੜੇ ਸਬੰਧੀ ਲਾਲਚੀ ਸੁਭਾਅ ਰੱਖਣ ਵਾਲੇ ਹਨ ਉਹ ਕੁਤਿਆਂ ਦੀ ਨਿਆਈਂ ਹਨ ਜੋ ਬਿਪਤਾ ਸਮੇਂ ਛੱਡ ਕੇ ਦੌੜ ਜਾਣ ਉਹ ਕਾਇਰ=ਗਿੱਦੜਾਂ ਦੀ ਨਿਆਈਂ ਹਨ। ਮੂਰਖ ਤੇ ਅਬੈੜੇ ਸੁਭਾਅ ਵਾਲੇ ਖੋਤਿਆਂ ਦੀ ਨਿਆਈਂ ਹਨ। ਇਸ ਲਈ ਸੰਸਾਰ ਜੇ ਜੰਗਲ ਦੀ ਨਿਆਈਂ ਹੈ ਤਾਂ ਸਬੰਧੀ ਇਨ੍ਹਾਂ ਜੀਵਾਂ ਦੀ ਨਿਆਈਂ ਹਨ। ਜੇ ਕੋਈ ਜੰਗਲ ਵਿੱਚ ਰਹਿੰਦਾ ਇਨ੍ਹਾਂ ਜੀਵਾਂ ਨਾਲ ਹੀ ਰੌਣਕ ਮੰਨੇ ਤਾਂ ਉਸ ਦੀ ਮੂਰਖਤਾ ਹੈ ਸੰਸਾਰ ਵਿੱਚ ਸਭ ਕੁਝ ਮਿਥਿਆ ਹੈ।

## ਝੂਠ ਸਮਗ੍ਰੀ ਪੇਖਿ ਸਚੁ ਕਰਿ ਜਾਨਿਆ ॥

ਸੰਸਾਰ ਦੀ ਸਮਗ੍ਰੀ ਜੋ ਝੂਠ ਰੂਪ ਹੈ ਉਸਨੂੰ ਦੇਖਕੇ ਅਗਿਆਨ ਕਰਕੇ ਸਚੀ ਜਾਣਿਆ ਹੈ।

## ਕਾਮ ਕ੍ਰੋਧਿ ਅਹੰਕਾਰਿ ਫਿਰਹਿ ਦੇਵਾਨਿਆ ॥

ਕਾਮ ਕ੍ਰੋਧ ਤੇ ਹੰਕਾਰ ਆਦਿਕਾਂ ਵਿਚ ਦੇਵਾਨਿਆ=ਪਾਗਲ ਹੋਇਆ ਫਿਰਦਾ ਹੈ।

## ਸਿਰਿ ਲਗਾ ਜਮ ਡੰਡੁ ਤਾ ਪਛੁਤਾਨਿਆ ॥

ਜਦੋਂ ਸਿਰ ਉਤੇ ਜਮਾਂ ਦਾ ਡੰਡਾ ਲਗਾ=ਵਜਦਾ ਹੈ ਵਾ-ਜਮਾਂ ਦਾ ਡੰਡੁ=ਦੰਡ ਭਾਵ ਸਜ਼ਾ ਲਗਦੀ ਹੈ। ਤਾਂ ਫਿਰ ਇਹ ਜੀਵ ਪਛਤਾਉਂਦਾ ਹੈ।

ਯਥਾ— **੧. ਕਹੁ ਕਬੀਰ ਤਬ ਹੀ ਨਰੁ ਜਾਗੈ ॥ ਜਮ ਕਾ ਡੰਡੁ ਮੂੰਡ ਮਹਿ ਲਾਗੈ ॥**

[ਗੋਂਡ ਕਬੀਰ ਜੀ, ਅੰਗ ੮੭੦]

**੨. ਜਮ ਕਾ ਡੰਡੁ ਮੂੰਡ ਮਹਿ ਲਾਗੈ ਖਿਨ ਮਹਿ ਕਰੈ ਨਿਬੇਰਾ ॥** [ਆਸਾ ਕਬੀਰ ਜੀ, ਅੰਗ ੪੮੦]

## ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥੯॥

ਬ੍ਰਹਮ ਬੇਤੇ ਪੂਰਨ ਗੁਰੂ ਤੋਂ ਬਿਨਾਂ ਸੰਸਾਰ ਵਿੱਚ ਇਉਂ ਫਿਰਦਾ ਹੈ ਜਿਸ ਤਰ੍ਹਾਂ ਸੈਤਾਨਿਆ=ਚੰਚਲ-ਪਾਮਰ ਪੁਰਸ਼ ਬੁਰੇ ਕੰਮਾਂ ਵਿੱਚ ਦੌੜਿਆ ਫਿਰਦਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

PDF created with pdfFactory Pro trial version www.pdffactory.com